Ontario

News Release
Communiqué

2006 ONTARIO BUDGET

BUDGET DE L'ONTARIO 2006

BUILDING OPPORTUNITY

CRÉER DES OCCASIONS DE RÉUSSIR

ਤੁਰਤ ਰਿਲੀਜ਼ ਲਈ
ਮਾਰਚ 23, 2006

# ਮੈਕਗੁਇੰਟੀ ਸਰਕਾਰ ਦਾ ਬਜਟ 2006 ਬੁਨਿਆਦੀ ਢਾਂਚੇ ਵਿੱਚ ਰਕਮ ਲਾਉਂਦਿਆਂ ਹੋਇਆਂ ਉੱਤਮ ਮੌਕਾ ਸਿਰਜਦਾ ਹੈ

ਟਰਾਂਜ਼ਿਟ,ਸੜਕਾਂ ਅਤੇ ਪੁਲ਼ਾਂ ਲਈ $1.2 ਬਿਲੀਅਨ ਦੀ ਨਵੀਂ ਰਕਮ ਲਾਉਣੀ–2005-06 ਦਾ ਡੈਫ਼ੀਸਿਟ ਘਟ ਕੇ $1.4 ਬਿਲੀਅਨ

**ਕੁਈਨਜ਼ ਪਾਰਕ**–ਮੈਕਗੁਇੰਟੀ ਸਰਕਾਰ ਦਾ ਤੀਸਰਾ ਬਜਟ ਵਿਦਿਆ ਅਤੇ ਸੇਹਤ ਸੰਭਾਲ ਨੂੰ ਮਜ਼ਬੂਤ ਕਰਨ ਦੇ ਕਾਰਜ ਨੂੰ ਜਾਰੀ ਰੱਖਦਿਆ ਹੋਇਆਂ ਅਤੇ ਡੈਫ਼ੀਸਿਟ ਨੂੰ ਖ਼ਤਮ ਕਰਨ ਲਈ ਪੱਕੇ ਪੈਰੀਂ ਚੱਲਦਿਆਂ ਹੋਇਆਂ ਪਰਾਂਤ ਦੇ ਟਰਾਂਪੋਰਟੇਸ਼ਨ ਦੇ ਬੁਨਿਆਦੀ ਢਾਂਚੇ ਵਿੱਚ ਰਕਮ ਲਾਉਂਦਿਆਂ ਹੋਇਆਂ ਆਂਟੇਰੀਓ ਦੇ ਆਰਥਕ ਵਾਧੇ ਦਾ ਨਿਰਮਾਣ ਕਰਦਾ ਹੈ।

"ਸਾਡੀ ਆਰਥਕ ਸਫ਼ਲਤਾ ਅਤੇ ਉੱਚ-ਪੱਧਰੀ ਜੀਵਨ ਵਾਸਤੇ ਤੇਜ਼, ਇਤਬਾਰਯੋਗ ਅਤੇ ਸੁਰੱਖਿਅਤ ਟਰਾਂਸੋਰਟੇਸ਼ਨ (ਢੋਆ-ਢੁਆਈ) ਅਹਿਮ ਹੈ," ਆਂਟੇਰੀਓ ਦੇ ਵਿੱਤ ਮੰਤਰੀ ਡਿਵਾਈਟ ਡਨਕਨ ਨੇ ਕਿਹਾ। "ਮੈਨੂੰ ਇਹ ਐਲਾਨ ਕਰਦਿਆਂ ਫ਼ਖ਼ਰ ਹੁੰਦਾ ਹੈ ਕਿ ਸੜਕਾਂ, ਪੁਲ਼ਾਂ ਅਤੇ ਪਬਲਿਕ ਟਰਾਂਜ਼ਿਟ ਵਿੱਚ ਭਾਰੀ ਨਵੀਂ ਰਕਮ ਲਾਉਣ ਨਾਲ ਸਾਰੇ ਆਂਟੇਰੀਓ ਵਾਸੀਆਂ ਲਈ ਉੱਤਮ ਮੌਕੇ ਸਿਰਜੇ ਜਾਣਗੇ। ਇਹ ਬਜਟ ਬੁਨਿਆਦੀ ਢਾਂਚੇ ਦੇ ਡੈਫ਼ੀਸਿਟ ਨੂੰ ਘਟਾਉਣ ਲਈ ਅਦਾਇਗੀ ਕਰਦਿਆਂ, ਸੇਹਤ ਸੰਭਾਲ ਅਤੇ ਵਿਦਿਆ ਵਿੱਚ ਪਹਿਲਾਂ ਲਾਈ ਰਕਮ ਵਿੱਚ ਵਾਧਾ ਕਰਦਿਆਂ ਅਤੇ ਆਰਥਕਤਾ ਨੂੰ ਮਜ਼ਬੂਤ ਬਣਾਉਂਦਿਆਂ ਤੇ ਨੌਕਰੀਆਂ ਅਤੇ ਖ਼ੁਸ਼ਹਾਲੀ ਪੈਦਾ ਕਰਦਿਆਂ ਹੋਇਆਂ ਉੱਤਮ ਮੌਕੇ ਸਿਰਜਦਾ ਹੈ।"

ਬਜਟ 2006, ਜਿਸ ਵਿੱਚ ਕੋਈ ਨਵਾਂ ਟੈੱਕਸ ਨਹੀਂ ਅਤੇ ਨਾ ਹੀ ਟੈੱਕਸ ਵਿੱਚ ਵਾਧਾ ਕੀਤਾ ਹੈ, 2003-04 ਤੋਂ ਵਿਰਸੇ ਵਿੱਚ ਮਿਲੇ $5.5 ਬਿਲੀਅਨ ਦੇ ਡੈਫ਼ੀਸਿਟ ਨੂੰ 75% ਘਟਾਅ ਕੇ 2005-06 ਲਈ $1.4 ਬਿਲੀਅਨ ਦਾ ਆਰਜ਼ੀ ਡੈਫ਼ੀਸਿਟ ਤਜਵੀਜ਼ ਕਰਦਾ ਹੈ। ਵੱਧ ਤੋਂ ਵੱਧ 2008-09 ਤਕ ਬਜਟ ਸੰਤੁਲਤ ਕਰਨ ਲਈ ਸਰਕਾਰ ਠੀਕ ਰਾਹ ਉੱਤੇ ਚੱਲ ਰਹੀ ਹੈ। ਜੇ ਰਿਜ਼ਰਵ ਦੀ ਲੋੜ ਨਾ ਪਈ ਤਾਂ ਡੈਫ਼ੀਸਿਟ ਇੱਕ ਸਾਲ ਪਹਿਲਾਂ ਹੀ ਖ਼ਤਮ ਹੋ ਜਾਵੇਗਾ।

*ਮੂਵ ਆਂਟੇਰੀਓ* ਅਧੀਨ, ਆਂਟੇਰੀਓ ਸਰਕਾਰ ਆਂਟੇਰੀਓ ਦੇ ਪਬਲਿਕ ਟਰਾਂਜ਼ਿਟ ਸਿਸਟਮ ਅਤੇ ਸੜਕਾਂ ਅਤੇ ਪੁਲ਼ਾਂ ਵਿੱਚ $1.2 ਬਿਲੀਅਨ ਦੀ ਨਵੀਂ ਰਕਮ ਲਾ ਰਹੀ ਹੈ ਜਿਸ ਵਿੱਚ ਹੇਠ ਦਰਜ ਵੀ ਸ਼ਾਮਲ ਹਨ:

- ਮੁੱਢਲੇ ਤੌਰ ਤੇ ਗਰੇਟਰ ਟੁਰਾਂਟੋ ਏਰੀਏ ਤੋਂ ਬਾਹਰ, ਵਿਸ਼ੇਸ਼ ਕਰ ਕੇ ਪੇਂਡੂ ਅਤੇ ਉੱਤਰੀ ਕਮਿਊਨਿਟੀਆਂ ਵੱਲ ਖ਼ਾਸ ਤੌਰ ਤੇ ਜ਼ੋਰ ਦਿੰਦਿਆਂ ਹੋਇਆਂ -ਮਿਊਨਸਪਲਟੀਆਂ ਵਿੱਚ ਸੜਕਾਂ ਅਤੇ ਪੁਲ਼ਾਂ ਲਈ $400 ਮਿਲੀਅਨ;
- ਟੁਰਾਂਟੋ ਅਤੇ ਯੌਰਕ ਰੀਜਨ ਵਿੱਚ ਸਬਵੇ ਨੂੰ ਹਾਈਵੇ 7 ਉੱਤੇ ਸਥਿਤ ਵਾਅਨ ਕਾਰਪੋਰੇਟ ਸੈਨਟਰ ਤਕ ਵਧਾਉਣ ਲਈ $670 ਮਿਲੀਅਨ;
- ਬਰੈਂਪਟਨ ਐਕਸੈਲਰਾਈਡ ਪਰੋਜੈੱਕਟ ਰਾਹੀਂ ਐਕਸਪਰੈੱਸ ਟਰਾਂਜ਼ਿਟ ਸੇਵਾਵਾਂ ਮੁਹੱਈਆ ਕਰਨ ਲਈ $95 ਮਿਲੀਅਨ, ਅਤੇ
- 14 ਸਟੇਸ਼ਨਾਂ ਤੇ ਖਲੋਣ ਵਾਲੀ ਰਾਈਟ ਆਫ਼ ਵੇ ਵਾਲੀ ਵੱਖਰੀ ਬੱਸ ਲਈ ਮਿਸੀਸਾਗਾ ਟਰਾਂਜ਼ਿਟਵੇ ਦਾ ਵਿਕਾਸ ਕਰਨ ਵਾਸਤੇ ਮਿਸੀਸਾਗਾ ਨੂੰ $65 ਮਿਲੀਅਨ।

"2005 ਵਿੱਚ, ਆਂਟੇਰੀਓ ਦੀ ਆਰਥਕਤਾ ਦੀ ਕਾਰਗੁਜ਼ਾਰੀ ਪਰਾਈਵੇਟ ਖੇਤਰ ਦੀ ਕਾਰਗੁਜ਼ਾਰੀ ਅਤੇ ਸਰਕਾਰੀ ਤਜਵੀਜ਼ਾਂ ਦੀ ਉਮੀਦ ਦੇ ਮੁਕਾਬਲੇ ਬਹਿਤਰ ਸੀ ਜਿਸ ਦਾ ਨਤੀਜਾ ਅਧਿਕ ਆਮਦਨੀ ਸੀ।" ਡਨਕਨ ਨੇ ਕਿਹਾ। " ਟਰਾਂਸਪੋਰਟੇਸ਼ਨ ਦੇ ਬੁਨਿਆਦੀ ਢਾਂਚੇ ਵਿੱਚ 60% ਨਾਲੋਂ ਵੱਧ ਇੱਕੋ ਵਾਰ ਆਮਦਨੀ ਲਾਉਣ ਦੀ ਸਾਡੀ ਚੋਣ ਕਾਰਜ ਨੀਤਕ ਅਤੇ ਦੂਰਦਰਸੀ ਸੀ।"

ਪਿਛਲੇ ਬਜਟ ਵਿੱਚ, ਮੈਕਗੁਇੰਟੀ ਸਰਕਾਰ ਨੇ *ਉਚੇਰੀ ਪਹੁੰਚ* ਦਾ ਐਲਾਨ ਕੀਤਾ ਸੀ ਜੋ ਰਸਾਈ, ਯੋਗਤਾ ਅਤੇ ਉੱਤਰਦਾਇਕਤਾ ਨੂੰ ਉਨਤ ਕਰਨ ਲਈ 2009-10 ਤੀਕ ਪੋਸਟਸੈਕੰਡਰੀ ਵਿਦਿਆ ਵਿੱਚ $6.2 ਬਿਲੀਅਨ ਦੀ ਰਕਮ ਸਮੁੱਚੇ ਤੌਰ ਤੇ ਇੱਕ ਇਤਿਹਾਸਕ ਰਕਮ ਹੈ। ਪੋਸਟਸੈਕੰਡਰੀ ਵਿਦਿਆ ਲਈ ਇਸ ਬਜਟ ਵਿੱਚ ਰਕਮ ਹੇਠ ਦਰਜ ਅਨੁਸਾਰ ਲਗਾਈ ਜਾਵੇਗੀ:

- ਦੋ ਬੱਚਿਆਂ ਵਾਲੇ ਪਰਿਵਾਰ ਦੀ ਆਮਦਨੀ ਦੀ ਸੀਮਾ $35,000 ਤੋਂ ਦੁਗਣੀ ਕਰ ਕੇ $ 75,000 ਕਰਦਿਆਂ ਦਰਮਿਆਨੀ ਆਮਦਨੀ ਵਾਲੇ ਪਰਿਵਾਰਾਂ ਲਈ ਪੇਸ਼ਗੀ ਟਿਊਸ਼ਨ ਗਰਾਂਟਾਂ ਤਕ ਰਸਾਈ ਵਧਾਉਣੀ;

• 2005-06 ਵਿੱਚ ਪੇਸ਼ਗੀ ਗਰਾਂਟ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ 32,000 ਤੋਂ ਵਧਾਅ ਕੇ 2006-07 ਵਿੱਚ ਲਗਭਗ ਦੁਗਣੀ 60,000 ਕਰਨੀ;
• ਮੁਕੰਮਲ ਕੀਤੇ ਇੱਕ ਸਾਲ ਵਿੱਚ $7,000 ਦੀ ਸੀਮਾ ਨੂੰ ਯਕੀਨੀ ਬਣਾਉਂਦਿਆਂ ਹੋਇਆਂ ਵਿਦਿਆਰਥੀਆਂ ਦੇ ਕਰਜ਼ੇ ਨੂੰ ਆਸਾਨ ਕਰਨਾ; ਅਤੇ
• 1980 ਵੀਆਂ ਦੇ ਮੱਧ ਤੋਂ ਲੈ ਕੇ ਪਹਿਲੀ ਵਾਰੀ ਪੁਸਤਕਾਂ ਅਤੇ ਸਪਲਾਈ ਭੱਤਿਆਂ ਵਿੱਚ ਵਾਧਾ ਕਰਨਾ ਜਿਸ ਦਾ ਲਾਭ 138,000 ਵਿਦਿਆਰਥੀਆਂ ਨੂੰ ਹੋਵੇਗਾ।

ਬਜਟ 2006 ਸੇਹਤ ਸੰਭਾਲ, ਵਿਦਿਆ, ਹੁਨਰਾਂ ਦੀ ਸਿਖਲਾਈ, ਖੋਜ ਅਤੇ ਪਰਾਂਤ ਦੇ ਬਹੁਤ ਕਮਜ਼ੋਰ ਵਾਸੀਆ ਲਈ ਅਹਿਮ ਰਕਮ ਲਾਉਣੀ ਜਾਰੀ ਰੱਖਦਾ ਹੇ। ਮੈਕਗੁਇੰਨਟੀ ਦਾ ਬਜਟ 2006:

• 2006-07 ਵਿੱਚ ਸੇਹਤ ਵਾਸਤੇ $1.9 ਬਿਲੀਅਨ ਅਧਿਕ ਰਕਮ ਲਾਉਂਣੀ, ਇਸ ਵਿੱਚ 2007-08 ਤਕ ਫ਼ੈਮਲੀ ਹੈਲਥ ਟੀਮਾਂ (FHT's) ਦੀ ਗਿਣਤੀ ਵਧਾਅ ਕੇ 150 ਕਰਨੀ ਅਤੇ ਉਡੀਕ ਦਾ ਸਮਾਂ ਘਟਾਉਣਾ ਸ਼ਾਮਲ ਹੈ;
• ਟਾਈਪ 1 ਡਾਇਆਬੀਟੀਸ ਦੇ ਸ਼ਿਕਾਰ 6,500 ਬੱਚਿਆਂ ਲਈ ਇੰਨਸੁਲਿਨ ਪੰਪ ਅਤੇ ਸੰਬੰਧਤ ਸਮਾਨ ਖ਼ਰੀਦਨ ਲਈ ਫੰਡ ਦੇਣ ਵਾਸਤੇ- 2006-07 ਵਿੱਚ $12 ਮਿਲੀਅਨ ਮੁਹੱਈਆ ਕਰਦਾ ਹੈ-ਜਿਸ ਨੇ 2008-09 ਤਕ ਵਧ ਕੇ $30 ਮਿਲੀਅਨ ਹੋ ਜਾਣਾ ਹੈ;
• 50 ਤੋਂ ਲੈ ਕੇ 74 ਸਾਲ ਦੀ ਉਮਰ ਦੀਆਂ ਔਰਤਾਂ ਦੀ ਛਾਤੀ ਦੇ ਮੁਆਇਨਿਆਂ ਵਿੱਚ ਵਾਧਾ ਕਰਦਾ ਹੈ;
• ਵਿਦਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਕੂਲ ਬੋਰਡਾਂ ਨੂੰ ਪਿਛਲੇ ਸਾਲ ਤੋਂ $400 ਮਿਲੀਅਨ ਵਧ ਫ਼ੰਡ ਦੇ ਕੇ 2006-07 ਦੇ ਸਕੂਲੀ ਸਾਲ ਵਿੱਚ $17.3 ਬਿਲੀਅਨ ਗਰਾਂਟ ਵਧਾਉਂਦਾ ਹੈ;
• ਹੁਨਰਾਂ ਦੀ ਸਿਖਲਾਈ ਅਤੇ ਰੁਜ਼ਗਾਰ ਸੇਵਾਵਾਂ ਨੂੰ ਵਧਾਉਣ ਲਈ 2.1 ਬਿਲੀਅਨ ਦੀਆਂ ਨੌਕਰੀਆ ਅਤੇ ਹੁਨਰਾਂ ਦੇ ਨਵੀਨਕਰਨ ਲਈ ਕਾਰਜ ਨੀਤੀ ਬਣਾਉਂਦਾ ਹੈ;
• ਪੰਜ ਸਾਲ ਦੇ ਅਰਸੇ ਦੌਰਾਨ ਖੋਜ, ਵਿਪਾਰੀਕਰਨ ਅਤੇ ਦੂਰ ਰਸੀ ਪ੍ਰੋਗਰਾਮਾਂ ਲਈ $1.7 ਬਿਲੀਅਨ, ਅਤੇ
• ਖ਼ਤਰੇ ਵਿੱਚ ਯੁੱਵਕਾਂ ਅਤੇ ਕਮਜ਼ੋਰ ਬਾਲਗ਼ਾਂ ਅਤੇ ਪਰਿਵਾਰਾਂ ਦੀ ਮਦਦ ਕਰਨ ਲਈ 2006-07 ਵਿੱਚ ਅਧਿਕ $218 ਮਿਲੀਅਨ ਮਹੁੱਈਆ ਕਰਦਾ ਹੈ।

"ਹਰੇਕ ਆਂਟੇਰੀਓ ਵਾਸੀ ਲਈ ਉੱਤਮ ਮੌਕੇ ਸਿਰਜਣਾ ਸਾਡਾ ਨਿਸ਼ਾਨਾ ਹੈ। ਅਸੀਂ ਚਾਹੁੰਦੇ ਹਾਂ ਕਿ ਹਰ ਆਂਟੇਰੀਓ ਵਾਸੀ ਕੋਲ ਸਫ਼ਲਤਾ ਲਈ ਉੱਤਮ ਮੌਕੇ ਹੋਣ," ਡਨਕਨ ਨੇ ਆਖਿਆ।

ਅਕਤੂਬਰ 2003 ਤੋਂ ਲੈਕੇ ਆਂਟੇਰੀਓ ਵਿੱਚ ਲਗਭਗ 200,000 ਨਵੀਆਂ ਨੋਕਰੀਆ ਪੈਦਾ ਕੀਤੀਆਂ ਗੱਈਆਂ ਹਨ। ਆਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਬਣਾਉਣ ਲਈ ਅਤੇ ਵਧੇਰੇ ਰਕਮ ਲਾਉਣ ਨੂੰ ਉਤਸ਼ਾਹ ਦੇਣ ਲਈ ਸਰਕਾਰ ਦੀ ਕਾਰਜ ਨੀਤੀ ਦਾ ਕੁੰਜੀਵੰਤ ਪਹਿਲੂ ਇਹ ਹੈ ਕਿ ਮੁਕਾਬਲੇ ਦੇ ਟੈਕਸ ਅਤੇ ਕਾਰੋਬਾਰੀ ਵਾਤਾਵਰਨ ਨੂੰ ਕਾਇਮ ਰੱਖਿਆ ਜਾਵੇ। ਬਜਟ 2006 ਤਜਵੀਜ਼ ਕਰਦਾ ਹੈ ਕਿ ਕੈਪੀਟਲ ਟੈੱਕਸ ਦੀ ਦਰ ਵਿੱਚ ਕਟੌਤੀ ਕਰਨ ਦਾ ਕੰਮ ਤੇਜ਼ ਕੀਤਾ ਜਾਵੇ। ਜਨਵਰੀ 1, 2007 ਤੋਂ, ਮੌਜੂਦਾ ਦਰ ਵਿੱਚ ਪੰਜ ਪ੍ਰਤੀਸ਼ਤ ਕੱਟੌਤੀ ਕੀਤੀ ਜਾਵੇਗੀ- ਜੋ ਕਿ ਮੌਜੂਦਾ ਨਿਯਤ ਸਮੇਂ ਤੋਂ ਪੂਰੇ ਦੋ ਸਾਲ ਪਹਿਲਾਂ ਬਣਦਾ ਹੈ। ਜੇ ਪਰਾਂਤ ਦੀ ਵਿੱਤੀ ਹਾਲਤ ਇਜਾਜ਼ਤ ਦੇਵੇ, ਤਾਂ ਸਰਕਾਰ 2010 ਤੀਕ ਟੈੱਕਸ ਖ਼ਤਮ ਕਰਨ ਦਾ ਇਰਾਦਾ ਰੱਖਦੀ ਹੈ।

"ਮੈਕਗੁਇੰਟੀ ਸਰਕਾਰ ਦੀ ਯੋਜਨਾ ਆਂਟੇਰੀਓ ਵਾਸੀਆਂ ਲਈ ਕੰਮ ਕਰਦੀ ਹੈ," ਡਨਕਨ ਨੇ ਆਖਿਆ। "ਨੌਕਰੀਆਂ ਵਧ ਗਈਆਂ ਹਨ ਅਤੇ ਡੈਫ਼ੀਸਿਟ ਘਟ ਗਿਆ ਹੈ, ਜਮਾਤਾਂ ਦਾ ਆਕਾਰ ਛੋਟਾ ਹੋ ਗਿਆ ਹੈ, ਸੇਹਤ ਦੇ ਅਹਿਮ ਪ੍ਰੋਸੀਜਰਾਂ ਲਈ ਉਡੀਕ ਦਾ ਸਮਾਂ ਘਟਿਆ ਹੈ ਅਤੇ ਪੋਸਟਸੈਕੰਡਰੀ ਵਿਦਿਆ ਤੀਕ ਰਸਾਈ ਅਤੇ ਯੋਗਤਾ ਵਧ ਰਹੀ ਹੈ। ਅੱਗੇ ਵਧਦਿਆਂ, ਜਿਵੇਂ ਜਿਵੇਂ ਸੇਹਤ, ਵਿਦਿਆ ਅਤੇ ਬੁਨਿਆਦੀ ਢਾਂਚੇ ਵਿੱਚ ਕੁੰਜੀਵੰਤ ਰਕਮ ਲਾਉਣੀ ਜਾਰੀ ਰੱਖਦਿਆਂ ਹੋਇਆਂ ਪਰਾਂਤ ਦੀ ਸਰਕਾਰੀ ਪੂੰਜੀ ਦੇ ਪ੍ਰਬੰਧ ਨੂੰ ਅਸੀਂ ਧਿਆਣ ਕੇਂਦਰਤ ਅਤੇ ਅਨੁਸ਼ਾਸਨ ਅਧੀਨ ਰੱਖਾਂਗੇ।

-30-

ਸੰਪਰਕ ਲਈ:

Sean Hamilton
Minister's Office
*416-325-8679*

Scott Blodgett
Ministry of Finance
*416-325-0324*

Punjabi